# ਗੁਰਸ਼ਰਨ ਸਿੰਘ– ਇਤਿਹਾਸ ਦਾ ਇੱਕ ਵਿਕੋਲਿੱਤਰਾ ਸਭਿਆਚਾਰਕ ਵਰਤਾਰਾ!

ਪ੍ਰੋ. ਅਜਮੇਰ ਸਿੰਘ ਔਲਖ

ਇਤਿਹਾਸ ਵਿਚ ਇਹ ਕਦੀ-ਕਦਾਈਂ ਹੀ ਵਾਪਰਦਾ ਹੈ ਕਿ ਕੋਈ ਇਨਸਾਨ ਰੱਜੇ-ਪੁੱਜੇ ਤੇ ਹਕੂਮਤ-ਪੁਜਾਰੀ ਪਰਿਵਾਰ ਵਿਚ ਪੈਦਾ ਹੋਇਆ ਹੋਵੇ ਪਰ ਸਥਾਪਤੀ-ਵਿਰੋਧੀ ਆਪਣੀ ਕਾਰਜ-ਸ਼ੈਲੀ ਸਦਕਾ ਉਹ ਆਮ ਕਿਰਤੀ ਤੇ ਮਿਹਨਤਕਸ਼ ਲੋਕਾਂ ਵਿਚ ਇੱਕ ਲੋਕ-ਨਾਇਕ ਵਜੋਂ ਜਾਣਿਆ-ਪਹਿਚਾਣਿਆ ਜਾਂਦਾ ਰਿਹਾ ਹੋਵੇ। ਇੱਕ ਅਜਿਹੇ ਹੀ ਵਿਰੋਧਾਭਾਸ ਦੀ ਉਪਜ ਸੀ ਸ. ਗੁਰਸ਼ਰਨ ਸਿੰਘ ਦੀ ਸਖ਼ਸ਼ੀਅਤ ਜਿਹੜੀ 27 ਸਤੰਬਰ ਦੀ ਰਾਤ ਨੂੰ ਪੰਜਾਬੀ ਲੋਕ-ਸਭਿਆਚਾਰ ਤੇ ਰੰਗ-ਜਗਤ ਕੋਲੋਂ ਜਿਸਮਾਨੀ ਤੌਰ 'ਤੇ ਸਦੀਵੀ ਤੌਰ 'ਤੇ ਵਿਛੋੜਾ ਦੇ ਗਈ ਹੈ ਪਰ ਜਿਸਨੂੰ ਪੰਜਾਬੀ ਸਭਿਆਚਾਰ ਜਗਤ ਵਿਚ 'ਪੰਜਾਬੀ ਰੰਗਮੰਚ ਦਾ ਬਾਬਾ ਬੋਹੜ', 'ਪੰਜਾਬੀ ਰੰਗਮੰਚ ਦਾ ਬੇਤਾਜ ਬਾਦਸ਼ਾਹ', 'ਪੰਜਾਬੀ ਸਭਿਆਚਾਰ ਦਾ ਲੋਕ-ਨਾਇਕ', 'ਪੰਜਾਬੀ ਰੰਗਮੰਚ ਦਾ ਜਿਊਂਦਾ-ਜਾਗਦਾ ਇਤਿਹਾਸ' ਆਦਿ ਕਿੰਨੇ ਹੀ ਵਿਸ਼ੇਸ਼ਣਾਂ ਤੇ ਨਾਵਾਂ ਨਾਲ ਜਾਣਿਆ ਅਤੇ ਪੁਕਾਰਿਆ ਜਾਂਦਾ ਰਿਹਾ ਹੈ ਤੇ ਭਵਿੱਖ ਵਿਚ ਸਦਾ ਪਛਾਣਿਆ ਜਾਂਦਾ ਰਹੇਗਾ।

ਸ. ਗੁਰਸ਼ਰਨ ਸਿੰਘ ਦਾ ਜਨਮ 16 ਸਤੰਬਰ, 1929 ਨੂੰ ਇੱਕ ਅਜਿਹੇ ਹੀ ਮੱਧ-ਸ਼੍ਰੇਣਿਕ ਪਰਿਵਾਰ ਵਿਚ ਹੋਇਆ ਸੀ ਜਿਹੜਾ ਆਰਥਿਕ ਪੱਖੋਂ ਪੂਰਾ ਰੱਜਿਆ-ਪੁੱਜਿਆ, ਆਪਣੇ ਰਾਜਨੀਤਕ ਜੀਵਨ-ਵਰਤਾਰੇ ਵਿਚ "ਅੰਗਰੇਜ਼ੀ ਹਕੂਮਤ ਦਾ ਪੂਰਾ ਹਾਮੀ ਅਤੇ ਚੀਫ ਖਾਲਸਾ ਦੀਵਾਨ ਦੀ ਸੋਚ ਨਾਲ ਪੂਰੀ ਤਰ੍ਹਾਂ ਨੇੜਿਉਂ ਜੁੜਿਆ ਹੋਇਆ ਸੀ।" ਪਰ ਜਦ ਅਜਿਹੇ ਪਿਛਾਂਹ-ਖਿੱਚੂ ਤੇ ਮੌਕਾ-ਪ੍ਰਸਤ ਪਿਛੋਕੜ ਵਾਲੇ ਪਰਿਵਾਰ ਵਿਚ ਜਨਮੇ ਸ. ਗੁਰਸ਼ਰਨ ਸਿੰਘ ਨੇ ਪਹਿਲਾਂ ਬਚਪਨ ਤੇ ਫਿਰ ਬਚਪਨ ਤੋਂ ਬਾਅਦ ਜਵਾਨੀ ਵਿਚ ਪੈਰ ਧਰਿਆ ਤਾਂ ਉਸਦੇ ਪਰਿਵਾਰ ਵਿਚ ਉਸ ਸਮੇਂ ਦੀ ਸਮਾਜਿਕ, ਸਭਿਆਚਾਰਕ ਤੇ ਸਾਹਿਤਕ ਜਗਤ ਵਿਚ ਬਹੁਤ ਹੀ ਚਰਚਿਤ ਪਤ੍ਰਿਕਾ 'ਪ੍ਰੀਤ-ਲੜੀ' ਪੜ੍ਹੀ ਜਾਣ ਲੱਗੀ ਸੀ ਤੇ ਗੁਰਸ਼ਰਨ ਸਿੰਘ ਦਾ ਵੱਡਾ ਭਰਾ ਸ: ਇੰਦਰਜੀਤ ਸਿੰਘ ਆਪਣੇ ਸਮੇਂ ਦੀ ਅਗਾਂਹਵਧੂ ਵਿਦਿਆਰਥੀ ਜਥੇਬੰਦੀ ਏ.ਆਈ.ਐਸ.ਐਫ. ਦੀਆਂ ਸਾਮਰਾਜ-ਵਿਰੋਧੀ ਸਰਗਰਮੀਆਂ ਵਿਚ ਹਿੱਸਾ ਲੈਣ ਲੱਗ ਪਿਆ ਸੀ। ਉਹਨਾਂ ਦੇ ਘਰ ਵਿਚ ਉਸ ਵੇਲੇ ਦੀ ਵਿਦਿਆਰਥੀ ਲਹਿਰ ਦੇ ਕਈ ਆਗੂਆਂ– ਜਿਨ੍ਹਾਂ ਵਿਚ ਜਗਜੀਤ ਸਿੰਘ ਆਨੰਦ, ਨਵਤੇਜ ਸਿੰਘ, ਦੇਵ ਰਾਜ ਚਾਨਣਾ, ਰਣਧੀਰ ਸਿੰਘ ਆਦਿ ਦੇ ਨਾਂ ਵਿਸ਼ੇਸ਼ ਤੌਰ 'ਤੇ ਲਏ ਜਾ ਸਕਦੇ ਹਨ– ਦਾ ਆਉਣਾ-ਜਾਣਾ ਆਮ ਹੋ ਗਿਆ ਸੀ । ਘਰ ਵਿਚ ਉਸਰ ਰਹੇ ਇਸ ਅਗਾਂਹਵਧੂ ਮਾਹੌਲ ਸਦਕਾ ਹੀ ਗੁਰਸ਼ਰਨ ਸਿੰਘ ਦੀ "ਛੋਟੀ ਭੈਣ ਮਹਿੰਦਰ ਕੌਰ ਪ੍ਰੀਤ-ਨਗਰ ਦੇ ਐਕਟੀਵਿਟੀ ਕਾਲਜ ਵਿਚ ਪੜ੍ਹਨ ਲੱਗ ਪਈ ਸੀ।" ਇਸ ਤਰ੍ਹਾਂ ਇਹ ਅੰਗਰੇਜ਼-ਹਕੂਮਤ ਦਾ ਸਮਰਥਕ

ਪਰਿਵਾਰ ਸਾਮਰਾਜ-ਵਿਰੋਧੀ ਪਰਿਵਾਰ ਵਿਚ ਤਬਦੀਲ ਹੋ ਗਿਆ ਤੇ ਅਜਿਹਾ ਕਰਨ ਵਿਚ ਸ: ਗੁਰਸ਼ਰਨ ਸਿੰਘ ਦੇ ਵੱਡੇ ਭਰਾ ਸ. ਇੰਦਰਜੀਤ ਸਿੰਘ ਦਾ ਪ੍ਰਮੁੱਖ ਰੋਲ ਸੀ। ਸ: ਗੁਰਸ਼ਰਨ ਸਿੰਘ ਅੰਦਰ ਵੀ ਅਗਾਂਹਵਧੂ ਤੇ ਮਾਨਵਤਾਵਾਦੀ ਸੋਚ ਦੇ ਬੀਜ ਬੋਣ ਵਿਚ ਇਸ ਪਰਿਵਾਰਕ ਮਾਹੌਲ ਦਾ ਹੀ ਬੁਨਿਆਦੀ ਹੱਥ ਕਿਹਾ ਜਾ ਸਕਦਾ ਹੈ।

ਕੁਦਰਤ ਵੱਲੋਂ ਮਿਲੀ ਫ਼ਿਤਰਤ ਪੱਖੋਂ ਵੀ ਸ. ਗੁਰਸ਼ਰਨ ਸਿੰਘ ਮੁੱਢ ਤੋਂ ਹੀ ਗ਼ਰੀਬ ਕਿਰਤੀ-ਕਾਮਿਆਂ ਪ੍ਰਤੀ ਸੰਵੇਦਨਸ਼ੀਲ ਮਾਨਸਿਕਤਾ ਵਾਲਾ ਇਨਸਾਨ ਸੀ । ਉਸਦਾ ਆਪਣਾ ਕਹਿਣਾ ਹੈ ਕਿ ਆਪਣੇ ਨਾਲ ਪੜ੍ਹਦੇ ਬੁੱਧਵਾ ਨਾਂ ਦੇ ਇੱਕ ਜ਼ਹੀਨ ਮੁੰਡੇ ਦੇ ਹੱਥ ਜਦ ਉਸਨੇ ਸਫਾਈ ਸੇਵਕਾਂ ਵਾਲਾ ਝਾੜੂ ਵੇਖਿਆ ਤਾਂ ਇਹ ਘਟਨਾ ਉਸਦੀ ਜ਼ਿੰਦਗੀ ਦੀ 'ਇੱਕ ਅਜਿਹੀ ਘਟਨਾ ਹੋ ਨਿੱਬੜੀ ਜਿਸਨੇ ਉਸਦੀ ਸੋਚ ਨੂੰ ਹੀ ਝੰਜੋੜ ਸੁੱਟਿਆ।' ਉਹ ਅਮੀਰੀ-ਗ਼ਰੀਬੀ ਦੇ ਪਾੜੇ ਬਾਰੇ ਸੋਚਣ ਦੇ ਰਾਹ ਪਿਆ ਤੇ ਇਸ ਪਾੜੇ ਕਰਕੇ ਹੋ ਰਹੇ ਉਹਨਾਂ ਅਨਰਥ ਤੇ ਅਨਿਆਂ ਭਰਪੂਰ ਵਰਤਾਰਿਆਂ ਬਾਰੇ ਵੀ ਜਿਨ੍ਹਾਂ ਕਾਰਨ ਬੁੱਧਵਾ ਵਰਗੇ ਜ਼ਹੀਨ ਦਿਮਾਗ਼ਾਂ ਨੂੰ ਪੜ੍ਹਾਈ ਵਿਚ-ਵਿਚਾਲੇ ਹੀ ਛੱਡਣੀ ਪੈ ਜਾਂਦੀ ਹੈ। ਇਸੇ ਤਰ੍ਹਾਂ 1955 ਵਿਚ ਨੰਗਲ ਵਿਖੇ ਜਦ ਰੂਸੀ ਨੇਤਾ ਬੁਲਗੈਨਿਨ ਤੇ ਖ਼ੁਰਸ਼ਚੋਵ ਦੀ ਆਮਦ 'ਤੇ ਰੱਖੇ ਗਏ ਸਭਿਆਚਾਰਕ ਪ੍ਰੋਗਰਾਮ ਨੂੰ ਅਫਸਰਸ਼ਾਹੀ ਵੱਲੋਂ ਮਜ਼ਦੂਰਾਂ ਨੂੰ ਵੇਖਣ ਦੀ ਇਜਾਜ਼ਤ ਨਾ ਦਿੱਤੀ ਗਈ ਤਾਂ ਇਸ ਸੰਵੇਦਨਸ਼ੀਲ ਇਨਸਾਨ ਦੀ ਮਨੁੱਖੀ ਹਮਦਰਦੀ ਨਾਲ ਲਬਰੇਜ਼ ਰੂਹ ਬੇਚੈਨ ਹੋ ਉਠੀ ਤੇ ਇਹ ਬੇਚੈਨੀ ਓਦੋਂ ਤੱਕ ਸ਼ਾਂਤ ਨਾ ਹੋਈ ਜਦੋਂ ਤੱਕ ਉਸਨੇ ਪਹਿਲੇ ਦਿਨ ਪ੍ਰੋਗਰਾਮ ਦੇਣ ਆਏ ਕਲਾਕਾਰਾਂ ਨੂੰ ਦੂਜੇ ਦਿਨ ਆਮ ਮਜ਼ਦੂਰਾਂ ਵਾਸਤੇ ਪ੍ਰੋਗਰਾਮ ਕਰਨ ਲਈ ਮਨਾ ਨਹੀਂ ਲਿਆ। ਇਹ ਸਿਰਫ ਸ. ਗੁਰਸ਼ਰਨ ਸਿੰਘ ਦੀ ਕਿਰਤ-ਪੱਖੀ ਸੋਚ ਤੇ ਸੰਵੇਦਨਸ਼ੀਲ ਮਾਨਸਿਕਤਾ ਸਦਕਾ ਹੀ ਹੋਇਆ ਜਿਹੜੀ ਸਿਰਫ ਇਸ ਕਰਕੇ ਬੇਚੈਨ ਹੋ ਉਠੀ ਸੀ ਕਿ ਹੈਂਕੜਬਾਜ਼ ਅਫਸਰਸ਼ਾਹੀ ਗ਼ਰੀਬ ਮਜ਼ਦੂਰ ਕਿਰਤੀ-ਕਾਮਿਆਂ ਨੂੰ ਬੰਦੇ ਕਿਉਂ ਨਹੀਂ ਸੀ ਸਮਝ ਰਹੀ ਤੇ ਜਿਹੜੀ ਆਪਣੀ ਗ਼ੈਰ-ਇਨਸਾਨੀ ਮਾਨਸਿਕਤਾ ਸਦਕਾ ਮਜ਼ਦੂਰਾਂ ਬਾਰੇ ਇਹ ਗੱਲ ਕਹਿਣ ਤੱਕ ਚਲੀ ਜਾਂਦੀ ਹੈ ਕਿ "ਮਜ਼ਦੂਰਾਂ ਨੂੰ ਕਲਚਰ ਦਾ ਕੀ ਪਤਾ ਹੁੰਦੈ?"

ਅਜਿਹੇ ਪਰਿਵਾਰਕ ਪਿਛੋਕੜ ਅਤੇ ਲੋਕ-ਹਮਦਰਦ ਸੰਵੇਦਨਸ਼ੀਲ ਮਾਨਸਿਕਤਾ ਵਾਲਾ ਇਨਸਾਨ ਸ. ਗੁਰਸ਼ਰਨ ਸਿੰਘ ਪੰਜਾਬੀ ਸਮਾਜ ਵਿਚ ਉਸ ਅਨੋਖੇ ਤੇ ਅਦਭੁਤ ਵਰਤਾਰੇ ਦਾ ਚਿੰਨ੍ਹਾਤਮਕ ਨਾਂ ਬਣ ਗਿਆ ਜਿਹੜਾ ਇਤਿਹਾਸ ਵਿਚ ਕਦੇ-ਕਦੇ ਹੀ ਵਾਪਰਦਾ ਹੈ। ਇਸ ਇਨਸਾਨ ਦੇ ਪ੍ਰਵੇਸ਼ ਨਾਲ ਅਤੇ ਵਿਸ਼ੇਸ਼ ਤੌਰ 'ਤੇ ਸੰਨ 1969-70 ਵਿਚ, ਜਦੋਂ ਤੋਂ ਉਸਨੇ ਆਪਣੇ ਰੰਗਮੰਚ ਦਾ ਰੁਖ਼ ਪੰਜਾਬ ਦੇ ਪਿੰਡਾਂ ਵੱਲ ਕਰਨਾ ਆਰੰਭਿਆ ਸੀ, ਪੰਜਾਬੀ ਸਭਿਆਚਾਰ ਤੇ ਵਿਸ਼ੇਸ਼ ਤੌਰ 'ਤੇ ਇਸ ਸਭਿਆਚਾਰ ਦੇ ਰੰਗਮੰਚੀ ਜਗਤ ਵਿਚ ਅਜਿਹਾ ਇਨਕਲਾਬੀ ਮੋੜ ਆਇਆ ਜਿਹੜਾ ਦਸ਼ਾ ਅਤੇ ਦਿਸ਼ਾ ਪੱਖੋਂ ਅਜਿਹੀ ਲੋਕ-ਚੇਤਨਾ ਤੇ ਲੋਕ ਰੰਗਮੰਚ ਦਾ ਰੂਪ ਧਾਰਨ ਕਰ ਗਿਆ ਜਿਸਦੀ ਮਿਸਾਲ ਇਤਿਹਾਸ ਵਿਚ ਮਿਲਣੀ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਜਿਹੀ ਜਾਪਦੀ ਹੈ। ਉਹ ਸਾਡਾ ਪਹਿਲਾ ਰੰਗਕਰਮੀ ਸੀ ਜਿਸਨੇ ਕਲਾ-ਜਗਤ ਦੇ ਕਿੰਨੇ ਹੀ ਲੋਕਾਂ ਨੂੰ ਇਸ ਤੱਥ ਦਾ ਅਹਿਸਾਸ ਕਰਵਾਇਆ ਕਿ ਰੰਗਮੰਚ ਦੀ ਅਸਲ ਧਰਤੀ ਤੇ ਜਿੰਦ-ਜਾਨ ਸਾਡੇ ਦੇਸ਼ ਦੇ ਪਿੰਡ ਹੀ ਹਨ

ਜਿਥੇ ਕਰੋੜਾਂ ਹੀ ਕਿਰਤੀ-ਕਾਮਿਆਂ ਨੂੰ ਰੰਗਮੰਚ ਵਰਗੇ ਸ਼ਕਤੀਸ਼ਾਲੀ ਕਲਾ-ਮਾਧਿਅਮ ਦੀ ਸਮਾਜਿਕ ਤੇ ਇਤਿਹਾਸਕ ਲੋੜ ਹੈ। ਇਸ ਵਿਚ ਸ਼ੱਕ ਨਹੀਂ ਕਿ ਸ. ਗੁਰਸ਼ਰਨ ਸਿੰਘ ਤੋਂ ਪਹਿਲਾਂ ਇਪਟਾ ਤੇ ਇਪਟਾ ਦੇ ਪ੍ਰਭਾਵ ਹੇਠ ਕੰਮ ਕਰ ਰਹੇ ਕਮਿਊਨਿਸਟ ਪਾਰਟੀ ਦੇ ਡਰਾਮਾ-ਸੁਕਾਇਡਾਂ ਨੇ ਪੰਜਾਬੀ ਰੰਗਮੰਚ ਨੂੰ ਪਿੰਡਾਂ ਤੇ ਪਿੰਡਾਂ ਵਿਚ ਵੱਸਦੇ ਆਮ ਕਿਰਤੀ ਲੋਕਾਂ ਨਾਲ ਜੋੜਨ ਦੀ ਭਰਪੂਰ ਕੋਸ਼ਿਸ਼ ਕੀਤੀ ਸੀ। ਇਹ ਵੀ ਸੱਚ ਹੈ ਕਿ ਉਸ ਰੰਗਮੰਚ ਦਾ ਵਿਸ਼ਾ ਵੀ ਆਮ ਲੋਕਾਂ ਦੀਆਂ ਦੁੱਖ-ਤਕਲੀਫਾਂ ਨਾਲ ਹੀ ਜੁੜਿਆ ਹੋਇਆ ਸੀ ਪਰ **ਜਿਸ ਸ਼ਿੱਦਤ, ਪ੍ਰਤਿਬੱਧਤਾ ਤੇ ਗਤੀਸ਼ੀਲਤਾ ਨਾਲ ਗੁਰਸ਼ਰਨ ਸਿੰਘ ਦਾ ਰੰਗਮੰਚ ਲੋਕਾਂ ਨਾਲ ਇੱਕ-ਸੁਰ ਹੋਇਆ, ਉਹ ਸ਼ਿੱਦਤ, ਪ੍ਰਤਿਬੱਧਤਾ ਤੇ ਗਤੀਸ਼ੀਲਤਾ ਇਪਟਾ ਜਾਂ ਕਮਿਊਨਿਸਟ ਡਰਾਮਾ-ਸੁਕਾਇਡਾਂ ਵਿਚ ਵੇਖਣ ਨੂੰ ਨਹੀਂ ਸੀ ਮਿਲਦੀ।** ਇਸ ਤਰ੍ਹਾਂ ਦੀ ਲੋਕ-ਪੱਖੀ ਤੇ ਲੋਕ-ਮੁਖੀ ਰੰਗਮੰਚੀ ਲਹਿਰ ਪੈਦਾ ਕਰਨ ਵਿਚ ਜਿਹੜੀ ਦੇਣ ਸ. ਗੁਰਸ਼ਰਨ ਸਿੰਘ ਦੀ ਹੈ, ਉਸਦੀ ਉਦਾਹਰਣ ਪੰਜਾਬ ਵਿਚ ਤਾਂ ਕੀ ਸਗੋਂ ਸਮੁੱਚੇ ਹਿੰਦੋਸਤਾਨ ਦੇ ਰੰਗਮੰਚ ਵਿਚ ਵੀ ਨਹੀਂ ਮਿਲਦੀ।

ਸ. ਗੁਰਸ਼ਰਨ ਸਿੰਘ ਨੇ ਪੰਜਾਬੀ ਰੰਗਮੰਚ ਨੂੰ ਗੁਣ ਅਤੇ ਗਿਣਤੀ, ਦੋਹਾਂ ਪੱਖਾਂ ਤੋਂ ਹੀ ਅਮੀਰ ਬਣਾਉਣ ਵਿਚ ਅਦੁੱਤੀ ਤੇ ਬੇਮਿਸਾਲ ਯੋਗਦਾਨ ਪਾਇਆ ਹੈ। ਇੱਕ ਪਾਸੇ ਉਸਨੇ ਪੰਜਾਬੀ ਰੰਗਮੰਚ ਨੂੰ ਇੱਕ ਨਿਰੰਤਰ ਗਤੀਸ਼ੀਲਤਾ ਦੇ ਰਾਹ ਉਤੇ ਪਾਇਆ ਤੇ ਦੂਜੇ ਪਾਸੇ ਵਸਤੂ ਪੱਖੋਂ ਇਸਨੂੰ ਲੋਕ-ਜੀਵਨ ਦੇ ਸਰੋਕਾਰਾਂ ਨਾਲ ਪੂਰੀ ਮਜ਼ਬੂਤੀ ਨਾਲ ਬੰਨ੍ਹਿਆ। ਗਿਣਤੀ ਤੇ ਗਤੀਸ਼ੀਲਤਾ ਪੱਖੋਂ ਉਸਦੇ ਰੰਗਮੰਚ ਦਾ ਇਹ ਹਾਲ ਰਿਹਾ ਹੈ ਕਿ 1975 ਤੱਕ ਉਹ ਆਪਣੇ ਨਾਟਕਾਂ ਦੀਆਂ ਇੱਕ-ਇੱਕ ਦਿਨ ਵਿਚ ਕਈ-ਕਈ ਥਾਂਵਾਂ ਉਤੇ ਵੀ ਪੇਸ਼ਕਾਰੀਆਂ ਦਿੰਦਾ ਰਿਹਾ। ਬਲਬੀਰ ਪਰਵਾਨਾ ਨੂੰ ਦਿਤੀ ਇੱਕ ਇੰਟਰਵਿਊ ਵਿਚ ਉਸਨੇ ਦੱਸਿਆ ਸੀ ਕਿ '1971 ਤੋਂ ਲੈ ਕੇ ਕੋਈ ਦਿਨ ਹੀ ਅਜਿਹਾ ਹੁੰਦਾ ਸੀ ਜਦੋਂ ਉਸਦੀ ਟੀਮ ਕੋਈ ਪੇਸ਼ਕਾਰੀ ਨਹੀਂ ਸੀ ਕਰਦੀ। ਬਹੁਤੀ ਵਾਰ ਇੱਕੋ ਦਿਨ ਵਿਚ ਦੋ-ਦੋ, ਤਿੰਨ-ਤਿੰਨ ਥਾਂਵਾਂ ਉਪਰ ਵੀ ਨਾਟਕ ਖੇਡੇ। ਉਸਦੇ ਨਾਟਕਾਂ ਦੀ ਇਹ ਸਰਗਰਮੀ ਨਾ ਐਮਰਜੈਂਸੀ ਦੌਰਾਨ ਬੰਦ ਹੋਈ ਤੇ ਨਾ ਅੱਤਵਾਦ ਦੇ ਦੌਰ ਵਿਚ।'

ਤੇ ਇਹ ਰੰਗਮੰਚੀ ਪੇਸ਼ਕਾਰੀਆਂ ਐਨੇ ਸੀਮਤ ਸਾਧਨਾਂ ਨਾਲ ਕੀਤੀਆਂ ਗਈਆਂ ਕਿ ਸੁਣਨ ਵਾਲੇ ਨੂੰ ਤਾਂ ਕੀ, ਕਈ ਵਾਰ ਵੇਖਣ ਵਾਲੇ ਨੂੰ ਵੀ ਯਕੀਨ ਨਹੀਂ ਸੀ ਆਉਂਦਾ। ਨਾ ਲਾਈਟ ਤੇ ਸਾਊਂਡ ਦਾ ਮੁਕੰਮਲ ਪ੍ਰਬੰਧ, ਮੰਚ-ਥੜ੍ਹਿਆਂ ਦਾ ਇਹ ਹਾਲ ਕਿ ਕਈ ਵਾਰ ਗੱਡਿਆਂ ਨੂੰ ਸਟੇਜ ਬਣਾਉਣਾ ਪੈਣਾ। ਦਰਸ਼ਕ ਕਿਤੇ ਸਾਹਮਣੇ ਡੂੰਘੇ ਟੋਏ ਵਿਚ ਬੈਠੇ ਹਨ, ਕਿਤੇ ਕੱਚਿਆਂ ਕੋਠਿਆਂ ਉਤੇ, ਕਿਤੇ ਨੇੜੇ ਦੇ ਦਰੱਖਤਾਂ ਉਤੇ ਅਤੇ ਕਿਤੇ ਪਿੰਡ ਦੀਆਂ ਰੂੜੀਆਂ ਉਤੇ। ਅਜਿਹੀਆਂ ਰੰਗਮੰਚ-ਵਿਰੋਧੀ ਸਥਿਤੀਆਂ ਦਾ ਸਾਹਮਣਾ ਕਰਨਾ ਕੋਈ ਸੌਖੀ ਗੱਲ ਨਹੀਂ ਸੀ ਪਰ ਸ. ਗੁਰਸ਼ਰਨ ਸਿੰਘ ਨੇ ਆਪਣੀ ਹੀ ਇੱਕ ਮੌਲਿਕ ਰੰਗ-ਸ਼ੈਲੀ ਦੀ ਸਿਰਜਣਾ ਕਰ ਕੇ ਇਸ ਅਣਹੋਣੀ ਨੂੰ 'ਹੋਣੀ' ਕਰ ਵਿਖਾਇਆ। ਉਸਨੇ ਦਰਸ਼ਕਾਂ ਦੀ ਕਲਪਨਾ ਤੋਂ ਯਥਾਰਥ-ਸਿਰਜਣ ਦਾ ਅਜਿਹਾ ਕਲਾਤਮਿਕ ਕਾਰਜ ਲਿਆ ਕਿ ਦੋ-ਦੋ, ਤਿੰਨ-ਤਿੰਨ ਹਜ਼ਾਰ ਤੋਂ ਵੱਧ ਦਰਸ਼ਕ ਉਸਦੇ ਨਾਟਕਾਂ ਨੂੰ ਇਸ ਤਰ੍ਹਾਂ ਵੇਖਦੇ ਰਹਿੰਦੇ ਸਨ ਜਿਵੇਂ ਉਹ ਨਾਟਕ ਨਹੀਂ, ਆਪਣੀ ਹੀ ਜ਼ਿੰਦਗੀ ਦੇ ਉਹਨਾਂ ਰਹੱਸਮਈ ਭੇਤਾਂ ਨੂੰ ਮੰਚ ਉਤੇ

ਵਿਚਰਦਾ ਵੇਖ ਰਹੇ ਹੋਣ ਜਿਨ੍ਹਾਂ ਦਾ ਉਹਨਾਂ ਨੂੰ ਓਦੋਂ ਤੱਕ ਨਾ ਹੀ ਪਤਾ ਸੀ ਤੇ ਨਾ ਹੀ ਅਹਿਸਾਸ। ਇਸ ਰੰਗ-ਸ਼ੈਲੀ ਨੂੰ ਅਸੀਂ ਲੋਕ-ਸ਼ੈਲੀ ਦਾ ਨਾਂ ਵੀ ਦੇ ਸਕਦੇ ਹਾਂ ਜਿਸਦੀਆਂ ਤੰਦਾਂ ਕਿਵੇਂ-ਨਾ-ਕਿਵੇਂ ਸਾਡੇ ਪੰਜਾਬ ਦੀ ਪਰੰਪਰਾਗਤ ਲੋਕ-ਨਾਟਕ ਸ਼ੈਲੀ ਨਾਲ ਜਾ ਜੁੜਦੀਆਂ ਹਨ ਪਰ ਨਾਲ ਦੀ ਨਾਲ ਇਸ ਰੰਗ-ਸ਼ੈਲੀ ਵਿਚ ਆਧੁਨਿਕਤਾ ਦੇ ਤੱਤ ਵੀ ਇਸ ਤਰ੍ਹਾਂ ਸਮੋਏ ਹੋਏ ਹਨ ਕਿ ਇਹ ਰੰਗ-ਸ਼ੈਲੀ ਆਪਣੇ ਸਮਕਾਲੀ ਜੀਵਨ ਨਾਲ ਭਰਪੂਰ ਸੰਵਾਦ ਰਚਾਉਣ ਵਿਚ ਵੀ ਪੂਰੀ ਕਲਾਤਮਿਕ ਸਮਰੱਥਾ ਰੱਖਦੀ ਸੀ। ਕਹਿਣਾ ਸਗੋਂ ਇਹ ਬਣਦਾ ਹੈ ਕਿ ਸ: ਗੁਰਸ਼ਰਨ ਸਿੰਘ ਨੇ ਇਪਟਾ ਦੀ ਰਿਵਾਇਤੀ ਰੰਗ ਵਾਲੀ ਰੰਗ-ਸ਼ੈਲੀ ਨੂੰ ਤਿਆਗ ਕੇ ਪੰਜਾਬੀ ਪੇਂਡੂ ਰੰਗ-ਜਗਤ ਨੂੰ ਵੱਧ ਤੋਂ ਵੱਧ ਆਧੁਨਿਕਤਾ ਨਾਲ ਲੈਸ ਕੀਤਾ ਹੈ। ਵਿਸ਼ੇ ਪੱਖੋਂ ਤਾਂ ਉਸਨੇ ਆਧੁਨਿਕ ਵਿਸ਼ਿਆਂ ਨੂੰ ਵੱਧ ਤੋਂ ਵੱਧ ਲਿਆ ਹੀ ਲਿਆ, ਸ਼ੈਲੀ ਤੇ ਤਕਨੀਕੀ ਪੱਖ ਤੋਂ ਵੀ ਉਸਨੇ ਆਪਣੇ ਰੰਗਮੰਚ ਨੂੰ ਆਧੁਨਿਕਤਾ ਨਾਲ ਪੂਰੀ ਤਰ੍ਹਾਂ ਓਤ-ਪੋਤ ਕੀਤਾ। ਉਸਦੇ ਰੰਗਮੰਚ ਦੀ ਬੋਲੀ, ਤੁਰਨ-ਫਿਰਨ (ਮੂਵਮੈਂਟਾਂ), ਉਠਣ-ਬੈਠਣ ਤੇ ਗੱਲਬਾਤ ਕਰਨ ਦਾ ਤੌਰ-ਤਰੀਕਾ, ਪਾਤਰਾਂ ਦੀ ਕੰਪੋਜ਼ੀਸ਼ਨ ਤੇ ਬਲਾਕਿੰਗ ਆਦਿ ਸਾਰੇ ਰੰਗਮੰਚੀ ਤੱਤ ਆਧੁਨਿਕ ਰੰਗਮੰਚ ਦੀ ਗਵਾਹੀ ਭਰਦੇ ਹਨ। ਉਸਨੇ ਵੱਧ ਤੋਂ ਵੱਧ ਕਲਾਕਾਰਾਂ ਨਾਲ ਨਾਟਕ ਵੀ ਕੀਤੇ ਸਨ ਤੇ ਘੱਟ ਤੋਂ ਘੱਟ ਕਲਾਕਾਰਾਂ ਨਾਲ ਵੀ। ਉਸਨੇ ਆਪਣੇ ਬਹੁਤ ਸਾਰੇ ਨਾਟਕਾਂ ਵਿਚ ਸੰਗੀਤ ਦੀ ਵੀ ਸਫਲਤਾਪੂਰਵਕ ਵਰਤੋਂ ਕੀਤੀ ਤੇ ਇਸ ਤੋਂ ਬਿਨਾਂ ਵੀ ਸੈਂਕੜੇ ਨਾਟਕ ਮੰਚ ਦਾ ਹਿੱਸਾ ਬਣਾਏ। ਰੌਸ਼ਨੀ ਤੇ ਆਵਾਜ਼ ਦੇ ਪ੍ਰਭਾਵਾਂ ਨੂੰ ਵੀ ਆਪਣੇ ਰੰਗਮੰਚ ਦਾ ਹਿੱਸਾ ਬਣਾਇਆ ਤੇ ਆਪਣੀ ਕਲਪਨਾ ਦੇ ਸਿਰ 'ਤੇ ਇਹਨਾਂ ਬਿਨਾਂ ਵੀ ਹਜ਼ਾਰਾਂ ਦੀ ਗਿਣਤੀ ਵਿਚ ਬੈਠੇ ਦਰਸ਼ਕਾਂ ਉਤੇ ਆਪਣੀਆਂ ਰੰਗਮੰਚੀ ਪੇਸ਼ਕਾਰੀਆਂ ਦੇ ਜਾਦੂਈ ਪ੍ਰਭਾਵ ਛੱਡੇ। ਹਾਂ, ਇੱਕ ਗੱਲ ਜ਼ਰੂਰ ਹੈ ਕਿ ਉਸਨੇ ਅਕਾਦਮਿਕਤਾ ਨਾਲ ਜੁੜੇ ਪੱਛਮੀ ਰੰਗਮੰਚ ਦੀ ਅੰਨ੍ਹੀ ਨਕਲ ਕਰਨ ਵਾਲੇ ਸਾਡੇ ਅੰਨ੍ਹੇ ਰੰਗਕਰਮੀਆਂ ਵਾਂਗ ਇਹਨਾਂ ਤੱਤਾਂ ਦੀ ਅੰਨ੍ਹੇਵਾਹ ਵਰਤੋਂ ਨਹੀਂ ਕੀਤੀ। ਉਸਨੇ ਆਪਣੇ ਪੰਜਾਬੀ, ਵਿਸ਼ੇਸ਼ ਤੌਰ 'ਤੇ ਪੇਂਡੂ ਪੰਜਾਬੀ ਰੰਗਮੰਚ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਦੇ ਮੱਦੇ-ਨਜ਼ਰ ਹੀ ਇਹਨਾਂ ਦੀ ਵਰਤੋਂ ਕੀਤੀ। ਇਹਨਾਂ ਸੀਮਾਵਾਂ ਤੇ ਸੰਭਾਵਨਾਵਾਂ ਦੇ ਦਾਇਰੇ ਵਿਚ ਰਹਿ ਕੇ ਵੀ ਉਸਦੇ ਨਾਟਕਾਂ ਦੀਆਂ ਪੇਸ਼ਕਾਰੀਆਂ ਆਪਣੇ ਦਰਸ਼ਕਾਂ ਉਤੇ ਆਪਣਾ ਕਲਾਤਮਿਕ ਪ੍ਰਭਾਵ ਛੱਡਣ ਵਿਚ ਕਦੇ ਫੇਲ੍ਹ ਨਹੀਂ ਹੋਈਆਂ। ਸ: ਗੁਰਸ਼ਰਨ ਸਿੰਘ ਨੇ ਬੜੇ ਮਾਣ ਨਾਲ ਕਦੇ ਇਹ ਗੱਲ ਕਹੀ ਸੀ : "... ਸਾਡੀ ਅੱਜ ਤੱਕ ਇੱਕ ਵੀ ਪੇਸ਼ਕਾਰੀ ਫਲਾਪ ਨਹੀਂ ਹੋਈ। ਇਹ ਤਾਂ ਹੋਇਆ ਹੈ ਕਿ ਕਿਸੇ ਥਾਂ ਦਰਸ਼ਕ ਘੱਟ ਹੋਣ, ਪਰ ਇਹ ਕਦੇ ਨਹੀਂ ਹੋਇਆ ਕਿ ਨਾਟਕ ਚੱਲਦੇ 'ਚੋਂ ਦਰਸ਼ਕ ਉੱਠ ਕੇ ਗਏ ਹੋਣ।"

ਇਤਨੀ ਗਿਣਤੀ ਤੇ ਵਿਸ਼ਾਲਤਾ ਵਿਚ ਰੰਗਮੰਚ ਕਰਨਾ ਹਾਰੀ-ਸਾਰੀ ਰੰਗਕਰਮੀ ਦੇ ਵੱਸ ਦਾ ਰੋਗ ਨਹੀਂ। ਅਜਿਹਾ ਉਹ ਵਿਅਕਤੀ ਹੀ ਕਰ ਸਕਦਾ ਹੈ ਜਿਸਦੇ ਸਾਹਮਣੇ ਕੋਈ ਆਦਰਸ਼ ਤੇ ਉਸ ਆਦਰਸ਼ ਨੂੰ ਪ੍ਰਾਪਤ ਕਰਨ ਦੀ ਪ੍ਰਬਲ ਭਾਵਨਾ ਤੇ ਪ੍ਰਤਿਬੱਧਤਾ (ਕਮਿੱਟਮੈਂਟ) ਹੋਵੇ। **ਸ. ਗੁਰਸ਼ਰਨ ਸਿੰਘ ਦਾ ਰੰਗਮੰਚ ਪ੍ਰਤਿਬੱਧਤਾ ਦਾ ਰੰਗਮੰਚ ਸੀ। ਇਹ ਰੰਗਮੰਚ ਸਮਾਜਿਕ ਤਬਦੀਲੀ ਦਾ ਰੰਗਮੰਚ ਸੀ। ਉਸਦੀ ਇਹ ਪ੍ਰਤਿਬੱਧਤਾ ਆਮ ਕਿਰਤੀ-ਕਾਮਿਆਂ, ਕਿਰਤੀ-ਕਿਸਾਨਾਂ ਤੇ ਆਮ ਮਿਹਨਤਕਸ਼ ਲੋਕਾਂ ਦੇ ਜੀਵਨ ਨੂੰ ਖ਼ੁਸ਼ਹਾਲ ਤੇ**

# ਨਾਟਕੀ ਪੇਸ਼ਕਾਰੀਆਂ











# ਨਾਟਕੀ ਪੇਸ਼ਕਾਰੀਆਂ



ਸੁਖੇਰਾ ਵੇਖਣ ਦੇ ਸਰੋਕਾਰਾਂ ਨਾਲ ਜੁੜੀ ਹੋਈ ਸੀ। ਉਸ ਅੰਦਰ ਧਰਤੀ ਉਤੇ ਇੱਕ ਸ਼ਾਨਦਾਰ ਦੁਨੀਆਂ ਸਿਰਜਣ ਤੇ ਵੇਖਣ ਦਾ ਸਮਾਜਿਕ ਸੁਫਨਾ ਤੇ ਉਸ ਸੁਫਨੇ ਨੂੰ ਪੂਰਾ ਕਰਨ ਦੀ ਇੱਕ ਸਦੀਵੀ ਤੜਪ ਮੌਜੂਦ ਰਹਿੰਦੀ ਸੀ। ਉਸਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਇਸ ਸੁਫਨੇ ਦੀ ਪੂਰਤੀ ਬੁਰਾਈਆਂ ਨਾਲ ਓਤ-ਪੋਤ ਹੋਏ ਸਾਡੇ ਆਰਥਿਕ ਤੇ ਸਮਾਜਿਕ ਤੌਰ 'ਤੇ ਵੰਡੀਆਂ ਤੇ ਪਾੜੇ ਵਾਲੇ ਵਰਤਮਾਨ ਰਾਜਨੀਤਕ ਢਾਂਚੇ ਨੂੰ ਢਹਿ-ਢੇਰੀ ਕਰ ਕੇ ਹੀ ਕੀਤੀ ਜਾ ਸਕਦੀ ਹੈ। ਇਸ ਤਬਦੀਲੀ ਨੂੰ ਲਿਆਉਣ ਹਿਤ ਉਸਨੇ ਰੰਗਮੰਚ ਨੂੰ ਇੱਕ ਸਾਰਥਿਕ ਤੇ ਮਜ਼ਬੂਤ ਕਲਾ-ਮਾਧਿਅਮ ਸਮਝਿਆ ਤੇ ਇਸਦੀ ਵਰਤੋਂ ਵੀ ਪੂਰੀ ਕਲਾਤਮਿਕ ਸਫਲਤਾ ਨਾਲ ਹੀ ਕੀਤੀ।

ਪ੍ਰਤਿਬੱਧਤਾ ਨੇ ਉਸ ਅੰਦਰ ਅਜਿਹੀ ਰੂਹਾਨੀ ਤਾਕਤ ਭਰੀ ਕਿ ਉਹ ਇਸਦੇ ਸਿਰ 'ਤੇ ਪੰਜਾਬੀ ਰੰਗਮੰਚ ਨੂੰ ਪੰਜਾਬ ਦੇ ਵਿਹੜਿਆਂ ਤੱਕ ਪੁੱਜਦਾ ਕਰਨ ਵਿਚ ਸਭ ਤੋਂ ਸਫਲ ਰੰਗਕਰਮੀ ਹੋ ਨਿਬੜਿਆ। ਸਫਲਤਾ ਜਿਸ ਸਦਕਾ ਉਹ 'ਪੰਜਾਬ ਦੇ ਪੇਂਡੂ ਰੰਗਮੰਚ ਦਾ ਬੇਤਾਜ ਬਾਦਸ਼ਾਹ' ਕਹਾਉਣ ਦਾ ਹੱਕਦਾਰ ਬਣਿਆ। ਇਸ ਬਾਦਸ਼ਾਹੀ ਦੀ ਮਿਸਾਲ, ਜਿਵੇਂ ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ, ਹਿੰਦੁਸਤਾਨ ਦੇ ਰੰਗਮੰਚ ਵਿਚ ਤਾਂ ਕੀ, ਸਮੁੱਚੀ ਦੁਨੀਆਂ ਦੇ ਰੰਗਮੰਚ ਵਿਚ ਵੀ ਮਿਲਣੀ ਅਸੰਭਵ ਦੀ ਹੱਦ ਤੱਕ ਮੁਸ਼ਕਲ ਹੈ। ਹਿੰਦੁਸਤਾਨ ਦੇ ਵਿਸ਼ਵ-ਪ੍ਰਸਿੱਧ ਰੰਗਕਰਮੀ ਤੇ ਨਿਰਦੇਸ਼ਕ ਹਬੀਬ ਤਨਵੀਰ ਨੇ ਪੇਂਡੂ ਅਤੇ ਅਨਪੜ੍ਹ ਕਲਾਕਾਰਾਂ ਨਾਲ ਇੱਕ ਅਰਸੇ ਤੱਕ ਥੀਏਟਰ ਕੀਤਾ ਸੀ। ਮਨੀਪੁਰ ਵਿਚ ਰਤਨ ਥਿਅਮ ਨੇ ਵੀ ਅਜਿਹਾ ਹੀ ਨਿਵੇਕਲਾ ਤਜਰਬਾ ਕੀਤਾ ਪਰ ਉਹਨਾਂ ਦਾ ਰੰਗਮੰਚ ਕਦੇ ਵੀ ਆਮ ਬੰਦੇ ਜਾਂ ਪਿੰਡ ਦੇ ਕਿਰਤੀ-ਕਿਸਾਨ ਤੇ ਮਜ਼ਦੂਰਾਂ ਦੀ ਤਕਦੀਰ ਨਾਲ ਉਸ ਤਰ੍ਹਾਂ ਨਹੀਂ ਜੁੜ ਸਕਿਆ ਜਿਸ ਤਰ੍ਹਾਂ ਭਾਅ ਗੁਰਸ਼ਰਨ ਸਿੰਘ ਨੇ ਜੋੜ ਵਿਖਾਇਆ ਹੈ। ਹਬੀਬ ਤਨਵੀਰ ਤੇ ਰਤਨ ਥਿਅਮ ਦੇ ਕਲਾਕਾਰ ਪੇਂਡੂ ਸਨ ਪਰ ਰੰਗਮੰਚ ਸ਼ਹਿਰੀ ਸੀ ਪਰ ਸ: ਗੁਰਸ਼ਰਨ ਸਿੰਘ ਦੇ ਕਲਾਕਾਰ ਸ਼ਹਿਰੀ ਸਨ ਪਰ ਰੰਗਮੰਚ ਪੇਂਡੂ ਸੀ। ਅੱਜ ਪੰਜਾਬ ਦੇ ਪਿੰਡਾਂ ਦੇ ਲੋਕ ਜਾਂ ਤਾਂ ਚੰਗੀ-ਮਾੜੀ ਗਾਇਕੀ ਦੇ ਨਾਂ ਤੋਂ ਜਾਣੂ ਹਨ ਤੇ ਜਾਂ ਫਿਰ ਲੱਚਰ ਗਾਇਕੀ ਦਾ ਮੁਕਾਬਲਾ ਕਰ ਰਹੇ ਸ: ਗੁਰਸ਼ਰਨ ਸਿੰਘ ਰਾਹੀਂ ਪੈਦਾ ਕੀਤੇ ਅਗਾਂਹਵਧੂ ਤੇ ਲੋਕ-ਪੱਖੀ ਨਾਟਕੀ ਸਭਿਆਚਾਰ ਤੋਂ।

ਸ: ਗੁਰਸ਼ਰਨ ਸਿੰਘ ਦਾ ਰੰਗਮੰਚ ਜਾਗ੍ਰਤੀ ਜਾਂ ਚੇਤਨਾ ਦਾ ਰੰਗਮੰਚ ਸੀ। ਆਪਣੇ ਰੰਗਮੰਚ ਰਾਹੀਂ ਉਸਨੇ ਪੰਜਾਬੀ ਜਨ-ਸਮੂਹ ਵਿਚ ਇੱਕ ਅਜਿਹੀ ਚੇਤਨਾ ਦਾ ਸੰਚਾਰ ਤੇ ਪਾਸਾਰ ਕੀਤਾ ਜਿਹੜੀ ਮਨੁੱਖ ਨੂੰ ਸਵੈਮਾਣ ਨਾਲ ਜਿਊਣ ਦੀ ਜਾਚ ਦਾ ਕ੍ਰਾਂਤੀਕਾਰੀ ਅਹਿਸਾਸ ਕਰਵਾਉਂਦੀ ਹੈ। ਪੰਜਾਬੀ ਦੇ ਨਾਮਵਰ ਨਾਵਲਕਾਰ ਸ: ਗੁਰਦਿਆਲ ਸਿੰਘ ਇਸ ਤੱਥ ਨੂੰ ਸਵੀਕਾਰ ਕਰਦਾ ਹੋਇਆ ਇਸ ਹੱਦ ਤੱਕ ਕਹਿਣ ਦਾ ਜੇਰਾ ਕਰਦਾ ਹੈ ਕਿ **'ਪੰਜਾਬ ਦੇ ਲੋਕਾਂ ਅੰਦਰ ਆਪਣੇ ਨਾਟਕਾਂ ਰਾਹੀਂ ਸ: ਗੁਰਸ਼ਰਨ ਸਿੰਘ ਨੇ ਅਜਿਹੀ ਚੇਤਨਤਾ ਦਾ ਸੰਚਾਰ ਕੀਤਾ ਹੈ ਜਿਹੜਾ ਪੂਰਾ ਪੰਜਾਬੀ ਸਾਹਿਤ ਵੀ ਸ਼ਾਇਦ ਨਾ ਕਰ ਸਕਿਆ ਹੋਵੇ। ਉਹਨਾਂ ਦੀ ਆਰੰਭ ਕੀਤੀ ਅਗਾਂਹਵਧੂ ਲਹਿਰ ਤੋਂ ਪੰਜਾਬ ਦੀਆਂ ਅਨੇਕਾਂ ਨਾਟ-ਮੰਡਲੀਆਂ ਨੇ ਪ੍ਰੇਰਨਾ ਲੈ ਕੇ ਲੋਕਾਂ ਦੀਆਂ ਗੰਭੀਰ ਸਮੱਸਿਆਵਾਂ ਬਾਰੇ ਜੋ ਜਾਗ੍ਰਤੀ ਪੈਦਾ ਕੀਤੀ ਹੈ, ਉਸਦੀ ਮਿਸਾਲ ਸ਼ਾਇਦ ਪੂਰੇ ਦੇਸ਼ ਵਿਚ ਹੀ ਮਿਲਣੀ ਮੁਸ਼ਕਲ ਹੈ।'**

ਕਿਰਤ ਦਾ ਮਾਣ, ਕਿਰਤ ਦੀ ਵਡਿਆਈ ਤੇ ਕਿਰਤ ਦੇ ਹੱਕ-ਸੱਚ ਦੀ ਗੱਲ ਸ. ਗੁਰਸ਼ਰਨ ਸਿੰਘ ਦੇ ਰੰਗਮੰਚ ਨੇ ਇਤਨੀ ਦ੍ਰਿੜ੍ਹਤਾ, ਇਤਨੇ ਵਿਸ਼ਵਾਸ ਤੇ ਇਤਨੀ ਸ਼ਕਤੀ ਨਾਲ ਕੀਤੀ ਹੈ ਕਿ ਅੱਜ ਇਹ ਗੱਲਾਂ ਪੰਜਾਬ ਦੇ ਪਿੰਡਾਂ ਦੀਆਂ ਸੱਥਾਂ ਦਾ ਹਿੱਸਾ ਬਣ ਚੁੱਕੀਆਂ ਹਨ। ਸਾਡੇ ਸੁਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ ਨੇ ਆਪਣੇ ਕਾਵਿਕ ਅੰਦਾਜ਼ ਵਿਚ ਇਸੇ ਸੱਚ ਨੂੰ ਇਸ ਤਰ੍ਹਾਂ ਪ੍ਰਵਾਨ ਕੀਤਾ ਹੈ ਕਿ ਸ. ਗੁਰਸ਼ਰਨ ਸਿੰਘ ਨੇ "ਧੁਨ ਉਡੀਕਦੀ ਫਿਜ਼ਾ ਵਿਚ ਤਰੰਗਾਂ ਛੇੜੀਆਂ ਹਨ। ਉਸਦੇ ਪੋਟਿਆਂ ਤੇ ਸੁਰਾਂ ਦਰਮਿਆਨ ਕੋਈ ਫਾਸਲੇ, ਕੋਈ ਲੀਕ ਨਹੀਂ।" ਕਹਾਣੀਕਾਰ ਵਰਿਆਮ ਸਿੰਘ ਸੰਧੂ ਮੁਤਾਬਿਕ "ਗੁਰਸ਼ਰਨ ਸਿੰਘ ਨੇ ਪੰਜਾਬ ਦੀ ਚੇਤਨਾ ਨੂੰ ਹਲੂਨਣ ਲਈ 'ਸਿੰਘ ਗਰਜਨਾ' ਦੀ ਆਵਾਜ਼ ਬੁਲੰਦ ਕੀਤੀ ।" 11 ਜਨਵਰੀ 2006 ਨੂੰ ਮੋਗਾ ਜ਼ਿਲੇ ਦੇ ਪਿੰਡ ਕੁੱਸਾ ਵਿਖੇ ਸ: ਗੁਰਸ਼ਰਨ ਸਿੰਘ ਦਾ ਸਨਮਾਨ ਕਰਨ ਵੇਲੇ 'ਗੁਰਸ਼ਰਨ ਸਿੰਘ ਇਨਕਲਾਬੀ ਸਨਮਾਨ ਸਮਾਰੋਹ ਕਮੇਟੀ' ਨੇ ਇਸ ਸੱਚ ਨੂੰ ਇਸ ਤਰ੍ਹਾਂ ਵਿਅਕਤ ਕੀਤਾ : **"ਕਲਾ ਅਤੇ ਸਭਿਆਚਾਰ ਦੇ ਖੇਤਰ ਵਿਚ ਵਿਚਰਦਿਆਂ ਸ਼੍ਰੀ ਗੁਰਸ਼ਰਨ ਸਿੰਘ ਹਮੇਸ਼ਾਂ ਕਲਾ ਨੂੰ ਮਿਹਨਤਕਸ਼ ਅਤੇ ਦੱਬੇ-ਕੁਚਲ਼ੇ ਲੋਕਾਂ ਦੀ ਮੁਕਤੀ ਦੇ ਇਨਕਲਾਬੀ ਹਥਿਆਰ ਵਜੋਂ ਲੈ ਕੇ ਚੱਲੇ ਹਨ। ... ... ਅਗਾਂਹਵਧੂ ਅਤੇ ਵਿਗਿਆਨਕ ਸਭਿਆਚਾਰਕ ਕਦਰਾਂ-ਕੀਮਤਾਂ ਦੇ ਸੰਚਾਰ ਅਤੇ ਸਥਾਪਤੀ ਲਈ ਜੱਦੋ-ਜਹਿਦ ਸ਼੍ਰੀ ਗੁਰਸ਼ਰਨ ਸਿੰਘ ਦੀ ਜੁਝਾਰ ਕਲਾ ਸਰਗਰਮੀ ਦਾ ਅਨਿੱਖੜਵਾਂ ਅੰਗ ਰਹੀ ਹੈ।"**

ਪ੍ਰਤਿਬੱਧਤਾ ਅਧੀਨ ਰੰਗਮੰਚੀ ਸਫਰ ਕਰਦਿਆਂ ਸ: ਗੁਰਸ਼ਰਨ ਸਿੰਘ ਨੇ ਵੱਡੀਆਂ ਘਾਲ਼ਾਂ ਘਾਲ਼ੀਆਂ ਤੇ ਇਹ ਘਾਲ਼ਾਂ ਘਾਲ਼ਦਿਆਂ ਉਸਨੂੰ ਕਈ ਤਰ੍ਹਾਂ ਦੀਆਂ ਹਕੂਮਤੀ ਕਰੋਪੀਆਂ ਦਾ ਸਾਹਮਣਾ ਵੀ ਕਰਨਾ ਪਿਆ। ਐਮਰਜੰਸੀ ਦੇ ਦਿਨਾਂ ਵਿਚ ਉਸਨੇ ਪਾਕਿਸਤਾਨੀ ਲੇਖਕ ਨਜ਼ਮ ਹੁਸੈਨ ਸੱਯਦ ਦਾ ਤਾਨਾਸ਼ਾਹੀ ਵਿਰੁੱਧ ਲਿਖਿਆ ਨਾਟਕ 'ਤਖ਼ਤ ਲਾਹੌਰ' ਖੇਡਿਆ। ਭਾਵੇਂ ਨਜ਼ਮ ਹੁਸੈਨ ਸੱਯਦ ਨੇ ਇਹ ਨਾਟਕ ਪਾਕਿਸਤਾਨ ਦੇ ਡਿਕਟੇਟਰ ਆਯੂਬ ਖਾਂ ਦੀ ਤਾਨਾਸ਼ਾਹੀ ਦੇ ਵਿਰੁੱਧ ਲਿਖਿਆ ਸੀ ਪਰ ਆਪਣੀ ਮੂਲ ਭਾਵਨਾ ਵਿਚ ਇਹ ਹਰ ਤਰ੍ਹਾਂ ਦੀ ਤਾਨਾਸ਼ਾਹੀ ਦੇ ਵਿਰੋਧ ਵਿਚ ਵੀ ਜਾਂਦਾ ਸੀ। ਸ: ਗੁਰਸ਼ਰਨ ਸਿੰਘ ਨੇ ਇਹ ਨਾਟਕ ਐਮਰਜੰਸੀ ਦੇ ਸਮੇਂ ਦੌਰਾਨ ਖੇਡਿਆ। ਉਸਦੇ ਆਪਣੇ ਦੱਸਣ ਮੁਤਾਬਿਕ ਉਸਦਾ "ਇਹ ਨਾਟਕ 9 ਸਤੰਬਰ, 1975 ਨੂੰ ਅੰਮ੍ਰਿਤਸਰ ਵਿਖੇ 'ਨਾਟਕ ਕਲਾ-ਕੇਂਦਰ' ਦੀ ਸਟੇਜ ਤੋਂ ਮੰਚਿਤ ਕੀਤਾ ਤੇ 11 ਸਤੰਬਰ ਨੂੰ ਉਸਨੂੰ 311-2 ਧਾਰਾ ਅਧੀਨ ਨੌਕਰੀ ਤੋਂ ਡਿਸਮਿਸ ਦੇ ਹੁਕਮ ਮਿਲ ਗਏ ।" ਇਸੇ ਤਰ੍ਹਾਂ 17 ਸਤੰਬਰ 1976 ਨੂੰ ਸ: ਗੁਰਸ਼ਰਨ ਸਿੰਘ ਨੇ ਜੰਮੂ ਯੂਨੀਵਰਸਿਟੀ ਦੇ ਸੱਦੇ 'ਤੇ ਨਾਟਕ 'ਕਿਵ ਕੂੜੈ ਤੁਟੈ ਪਾਲਿ' ਇਸ ਯੂਨੀਵਰਸਿਟੀ ਵਿਚ ਖੇਡਿਆ। ਦਰਸ਼ਕਾਂ ਵਿਚ ਜੰਮੂ ਕਸ਼ਮੀਰ ਦੇ ਮੁੱਖ-ਮੰਤਰੀ ਸ਼ੇਖ਼ ਅਬਦੁੱਲਾ ਤੇ ਪੰਜਾਬ ਦੇ ਮੁੱਖ-ਮੰਤਰੀ ਗਿਆਨੀ ਜ਼ੈਲ ਸਿੰਘ ਵੀ ਬੈਠੇ ਸਨ। ਨਾਟਕ ਤੋਂ ਬਾਅਦ ਗਿਆਨੀ ਜ਼ੈਲ ਸਿੰਘ ਨੇ ਸਟੇਜ ਉਤੋਂ ਸ਼ੇਖ਼ ਅਬਦੁੱਲਾ ਤੇ ਬਾਕੀ ਦਰਸ਼ਕਾਂ ਦੇ ਸਾਹਮਣੇ ਸ: ਗੁਰਸ਼ਰਨ ਸਿੰਘ ਨੂੰ 'ਪੰਜਾਬ ਦਾ ਹੀਰਾ' ਕਹਿ ਕੇ ਪੂਰੀ 'ਸ਼ਾਬਾਸ਼' ਦਿੱਤੀ ਪਰ 21 ਸਤੰਬਰ ਨੂੰ ਉਸਨੂੰ ਅੰਮ੍ਰਿਤਸਰੋਂ ਫੜ ਕੇ ਜੇਲ੍ਹ ਵਿਚ ਡੱਕ ਦਿੱਤਾ। ਉਸ ਉਤੇ ਮਨ-ਘੜਤ ਦੋਸ਼ ਲਾਇਆ ਗਿਆ ਕਿ ਉਹ "ਖੇਮਕਰਨ ਨੇੜੇ ਰੇਲਵੇ ਪੁਲ ਹੇਠਾਂ ਤਿੰਨ ਨੌਜਵਾਨਾਂ ਨੂੰ ਪੁਲ ਉਡਾਉਣ ਦੀ ਟਰੇਨਿੰਗ ਦੇ ਰਿਹਾ ਸੀ।" ਗ੍ਰਿਫਤਾਰੀਆਂ ਦੇ ਇਸ ਸਿਲਸਲੇ ਵਿਚ

ਜਦ 1981 ਵਿਚ ਪੁਲਸ ਦਾ ਇੱਕ ਹੌਲਦਾਰ ਸ: ਗੁਰਸ਼ਰਨ ਸਿੰਘ ਨੂੰ ਪੁਲੀਸ ਸਟੇਸ਼ਨ ਜਾਣ ਲਈ ਕਹਿਣ ਆਇਆ ਤਾਂ ਸ: ਗੁਰਸ਼ਰਨ ਸਿੰਘ ਨੇ ਪਹਿਲਾਂ ਨੌਕਰੀ ਤੋਂ ਆਪਣਾ ਅਸਤੀਫਾ ਲਿਖਿਆ ਤੇ ਅਸਤੀਫਾ ਆਪਣੇ ਡਾਇਰੈਕਟਰ ਨੂੰ ਫੜਾਉਣ ਤੋਂ ਬਾਅਦ ਆਪ ਹੌਲਦਾਰ ਨਾਲ ਥਾਣੇ ਜਾਣ ਲਈ ਤੁਰ ਪਿਆ। ਇਸ ਤਰ੍ਹਾਂ ਸੰਸਾਰ ਦੇ ਕਲਾ-ਜਗਤ ਵਿਚ ਸ: ਗੁਰਸ਼ਰਨ ਸਿੰਘ ਉਹਨਾਂ ਕਲਾਕਾਰਾਂ ਦੀ ਲਾਇਨ ਵਿਚ ਜਾ ਖੜ੍ਹੋਂਦਾ ਹੈ ਜਿਨ੍ਹਾਂ ਨੂੰ ਆਪਣੇ ਕਲਾ-ਧਰਮ ਦੀ ਖ਼ਾਤਰ ਤਰ੍ਹਾਂ-ਤਰ੍ਹਾਂ ਦੀਆਂ ਹਕੂਮਤੀ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ।

ਪੰਜਾਬੀ ਰੰਗਮੰਚ-ਜਗਤ ਵਿਚ ਸ. ਗੁਰਸ਼ਰਨ ਸਿੰਘ ਨੇ ਸਿਰਫ ਇੱਕ ਰਚਨਾਤਮਿਕ ਸੰਸਥਾ ਦੀ ਤਰ੍ਹਾਂ ਹੀ ਕੰਮ ਨਹੀਂ ਕੀਤਾ ਬਲਕਿ ਇਸ ਸੰਸਥਾਤਮਿਕ ਸ਼ਖ਼ਸ਼ੀਅਤ ਨੇ ਆਪਣੇ ਅਣਥੱਕ ਤੇ ਕ੍ਰਿਸ਼ਮਾ-ਭਰਪੂਰ ਕਾਰਜਾਂ ਰਾਹੀਂ ਅਨੇਕਾਂ ਹੋਰ ਰੰਗਕਰਮੀਆਂ ਨੂੰ ਵੀ ਇਸ ਖੇਤਰ ਵਿਚ ਲੋਕ-ਹਿਤੈਸ਼ੀ ਰੰਗ-ਕਾਰਜ ਕਰਨ ਲਈ ਪ੍ਰੇਰਿਆ। ਪੰਜਾਬੀ ਰੰਗ-ਜਗਤ ਵਿਚ ਕਾਰਜਸ਼ੀਲ ਅੱਜ ਕਿੰਨੇ ਹੀ ਰੰਗਕਰਮੀ ਅਜਿਹੇ ਹਨ ਜਿਹੜੇ ਸਿੱਧੇ ਜਾਂ ਅਸਿੱਧੇ ਸ: ਗੁਰਸ਼ਰਨ ਸਿੰਘ ਦੇ ਪ੍ਰਭਾਵ ਹੇਠ ਇਸ ਖੇਤਰ ਵਿਚ ਪ੍ਰਵੇਸ਼ ਹੋ ਕੇ ਇਸ ਨਾਲ ਪੱਕੇ ਤੌਰ 'ਤੇ ਬੱਝੇ ਹੋਏ ਹਨ। ਕੇਵਲ ਧਾਲੀਵਾਲ, ਮੰਚ ਰੰਗਮੰਚ ਅੰਮ੍ਰਿਤਸਰ, ਹੰਸਾ ਸਿੰਘ, ਨਵਚਿੰਤਨ ਕਲਾ ਮੰਚ ਬਿਆਸ, ਹਰਕੇਸ਼ ਚੌਧਰੀ, ਲੋਕ ਕਲਾ ਮੰਚ ਮੁੱਲਾਂਪੁਰ, ਡਾ. ਸਾਹਿਬ ਸਿੰਘ, ਅਦਾਕਾਰ ਮੰਚ ਮੁਹਾਲੀ, ਅਨੀਤਾ-ਸ਼ਬਦੀਸ਼, ਸੁਚੇਤਕ ਰੰਗਮੰਚ ਮੁਹਾਲੀ, ਮਾਸਟਰ ਤਰਲੋਚਨ ਸਿੰਘ, ਆਰਟ ਸੈਂਟਰ ਸਮਰਾਲਾ, ਗੁਰਪ੍ਰੀਤ ਕੌਰ, ਚੇਤਨਾ ਕਲਾ ਮੰਚ ਚਮਕੌਰ ਸਾਹਿਬ, ਡਾ. ਕੁਲਦੀਪ ਦੀਪ, ਸ਼ਹੀਦ ਭਗਤ ਸਿੰਘ ਕਲਾਮੰਚ ਬੋਹਾ (ਮਾਨਸਾ), ਹਰਿੰਦਰ ਦੀਵਾਨਾ, ਚੇਤਨਾ ਕਲਾਮੰਚ ਬਰਨਾਲਾ, ਅਜਮੇਰ ਔਲਖ, ਲੋਕ ਕਲਾ ਮੰਚ ਮਾਨਸਾ ਆਦਿ ਸਾਰੇ ਦੇ ਸਾਰੇ ਰੰਗਕਰਮੀ ਕਿਸੇ ਨਾ ਕਿਸੇ ਰੂਪ ਵਿਚ ਭਾਅ ਗੁਰਸ਼ਰਨ ਸਿੰਘ ਦੇ ਰੰਗਮੰਚ ਤੋਂ ਪ੍ਰੇਰਨਾ ਲੈ ਕੇ ਇਸ ਖੇਤਰ ਨਾਲ ਜੁੜੇ ਤੇ ਕਿਸੇ ਨਾ ਕਿਸੇ ਰੂਪ ਵਿਚ ਗੁਰਸ਼ਰਨ ਸਿੰਘ ਦੇ ਆਦਰਸ਼ ਦੇ ਅਨੁਕੂਲ ਹੀ ਰੰਗ-ਕਾਰਜ ਕਰਨ ਵਿਚ ਰੁੱਝੇ ਹੋਏ ਹਨ। ਹੋਰ ਤਾਂ ਹੋਰ, ਸ਼ਹਿਰਾਂ ਦੇ ਆਡੀਟੋਰੀਅਮਾਂ ਵਿਚ ਆਧੁਨਿਕ ਤਕਨੀਕ ਤੇ ਸ਼ੈਲੀ ਦੇ ਧਾਰਨੀ ਸਾਡੇ ਨਾਮਵਰ ਨਾਟਕਕਕਾਰ ਤੇ ਨਿਰਦੇਸ਼ਕ ਡਾ. ਆਤਮਜੀਤ ਨੂੰ ਵੀ ਇਹ ਮੰਨਣ ਤੋਂ ਗੁਰੇਜ਼ ਨਹੀਂ ਕਿ ਉਸਨੇ ਵੀ ਆਪਣੇ ਰੰਗਮੰਚ ਦੀ ਸ਼ੁਰੂਆਤ ਭਾਅ ਗੁਰਸ਼ਰਨ ਸਿੰਘ ਦੇ ਪ੍ਰਭਾਵ ਹੇਠ ਹੀ ਕੀਤੀ ਸੀ। ਇਸ ਤਰ੍ਹਾਂ ਸ: ਗੁਰਸ਼ਰਨ ਸਿੰਘ ਦਾ ਵਰੋਸੋਇਆ ਪੰਜਾਬੀ ਰੰਗਮੰਚ ਅੱਜ ਇੱਕ ਮਜ਼ਬੂਤ ਲਹਿਰ ਦਾ ਰੂਪ ਧਾਰਨ ਕਰ ਚੁੱਕਾ ਹੈ।

ਲੋਕ-ਹਿੱਤਾਂ ਨੂੰ ਪਰਣਾਏ ਇਸ ਸਭਿਆਚਾਰਕ ਯੋਧੇ ਨੇ ਸਿਰਫ ਰੰਗਮੰਚ ਰਾਹੀਂ ਹੀ ਨਹੀਂ ਸਗੋਂ ਕਈ ਹੋਰ ਸਾਹਿਤਕ, ਸਭਿਆਚਾਰਕ ਤੇ ਸਮਾਜਿਕ ਕਾਰਜਾਂ ਰਾਹੀਂ ਵੀ ਉਸਾਰੂ ਤੇ ਅਗਾਂਹਵਧੂ ਸਭਿਆਚਾਰ ਉਸਾਰਨ ਵਿਚ ਆਪਣਾ ਭਰਪੂਰ ਯੋਗਦਾਨ ਪਾਇਆ ਹੈ। ਇਹਨਾਂ ਵਿਚ ਸਸਤੇ ਦਰ 'ਤੇ ਪੁਸਤਕ-ਪ੍ਰਕਾਸ਼ਨ ਸਭ ਤੋਂ ਉਤੇ ਹੈ। ਆਪਣੇ ਮਿੱਤਰ ਫਿਲਮੀ ਅਦਾਕਾਰ ਤੇ ਪੰਜਾਬੀ ਮਾਂ-ਬੋਲੀ ਦੇ ਹੋਣਹਾਰ ਸਪੂਤ ਸਵਰਗੀ ਬਲਰਾਜ ਸਾਹਨੀ ਦੀ ਯਾਦ ਵਿਚ 'ਬਲਰਾਜ ਸਾਹਨੀ ਪੁਸਤਕਾਲਾ ਪ੍ਰਕਾਸ਼ਨ' ਸਥਾਪਤ ਕਰ ਕੇ ਇਸ ਅਧੀਨ ਅਜਿਹੀਆਂ ਪੁਸਤਕਾਂ ਦੀ ਪ੍ਰਕਾਸ਼ਨਾ ਕੀਤੀ ਜਿਹੜੀਆਂ ਤੱਤ ਵਜੋਂ ਅਗਾਂਹਵਧੂ ਤੇ

ਮਾਨਵਤਾਵਾਦੀ ਵਿਸ਼ਿਆਂ ਨਾਲ ਜੁੜੀਆਂ ਹੋਈਆਂ ਹਨ ਪਰ ਕੀਮਤ ਵਜੋਂ ਘੱਟ ਤੋਂ ਘੱਟ ਮੁੱਲ ਵਾਲੀਆਂ। ਇਹ ਪੁਸਤਕਾਂ ਉਹਨਾਂ ਆਪਣੇ ਖਰਚੇ ਉਤੇ ਹੀ ਛਾਪੀਆਂ ਤੇ ਲੇਖਕਾਂ ਨੂੰ ਬਣਦੀ ਰਾਇਲਿਟੀ ਵੀ ਦਿੱਤੀ। ਇਹਨਾਂ ਵਿਚ ਕਈ ਅਜਿਹੀਆਂ ਪੁਸਤਕਾਂ ਵੀ ਸਨ ਜਿਨ੍ਹਾਂ ਦੇ ਲੇਖਕ ਬਾਅਦ ਵਿਚ ਪੰਜਾਬੀ ਦੇ ਨਾਮਵਰ ਸਾਹਿਤਕਾਰ ਬਣੇ। ਉਦਾਹਰਣ ਦੇ ਤੌਰ 'ਤੇ ਪੰਜਾਬੀ ਦੇ ਇਨਕਲਾਬੀ ਸ਼ਾਇਰ ਪਾਸ਼ ਦੀ ਪਹਿਲੀ ਕਾਵਿ-ਪੁਸਤਕ 'ਲੋਹ-ਕਥਾ' 'ਬਲਰਾਜ ਸਾਹਨੀ ਪੁਸਤਕਾਲਾ ਪ੍ਰਕਾਸ਼ਨ' ਵੱਲੋਂ ਹੀ ਛਾਪੀ ਗਈ ਸੀ। ਵਰਿਆਮ ਸਿੰਘ ਸੰਧੂ ਦਾ ਪਲੇਠਾ ਕਹਾਣੀ-ਸੰਗ੍ਰਹਿ 'ਲੋਹੇ ਦੇ ਹੱਥ' ਵੀ ਇਸੇ ਪੁਸਤਕਾਲੇ ਰਾਹੀਂ ਹੀ ਪਾਠਕਾਂ ਦੇ ਸਨਮੁਖ ਹੋ ਸਕਿਆ ਸੀ। ਵਰਿਆਮ ਸਿੰਘ ਸੰਧੂ ਦਾ ਕਹਿਣਾ ਹੈ : "ਅੱਜ 'ਮੈਂ ਜੋ ਹਾਂ, ਸ਼ਾਇਦ ਨਾ ਹੋ ਸਕਦਾ' ਜੇ ਗੁਰਸ਼ਰਨ ਸਿੰਘ ਮੇਰੀ ਕਿਤਾਬ ਨਾ ਛਾਪਦਾ।" ਉਸ ਸਮੇਂ ਦੀਆਂ ਉਪਰੋਕਤ ਚਰਚਿਤ ਪੁਸਤਕਾਂ ਦੀ ਤਰ੍ਹਾਂ ਮੰਤ ਸੰਧੂ ਦੀ ਚਰਚਿਤ ਪੁਸਤਕ 'ਸੀਸ ਤਲੀ 'ਤੇ' ਵੀ 'ਬਲਰਾਜ ਸਾਹਨੀ ਪੁਸਤਕਾਲਾ ਪ੍ਰਕਾਸ਼ਨ' ਦੇ ਯਤਨਾਂ ਸਦਕਾ ਹੀ ਪਾਠਕਾਂ ਦੀ ਨਜ਼ਰ ਹੋਈ ਸੀ। ਇਹਨਾਂ ਸਤਰਾਂ ਦੇ ਲੇਖਕ ਦੀ ਪਹਿਲੀ ਨਾਟ-ਪੁਸਤਕ 'ਅਰਬਦ ਨਰਬਦ ਧੁੰਧੂਕਾਰਾ' ਵੀ ਸ: ਗੁਰਸ਼ਰਨ ਸਿੰਘ ਦੀ ਮਿਹਰਬਾਨੀ ਸਦਕਾ ਬਿਨਾਂ ਕੋਈ ਖਰਚਾ ਲਿਆਂ ਹੋਂਦ ਵਿਚ ਆ ਸਕੀ ਸੀ। ਸਿਰਫ ਬਿਨਾਂ ਖਰਚਾ ਹੀ ਨਹੀਂ, ਰਾਇਲਿਟੀ ਦੇ ਤੌਰ 'ਤੇ ਕਿਤਾਬ ਦੀਆਂ ਪੂਰੀਆਂ ਸੌ ਕਾਪੀਆਂ ਵੀ ਦਿੱਤੀਆਂ ਗਈਆਂ ਸਨ। ਪ੍ਰਕਾਸ਼ਨ ਦੇ ਖੇਤਰ ਵਿਚ ਨਵੇਂ ਲੇਖਕਾਂ ਦੀਆਂ ਕਿਤਾਬਾਂ ਛਾਪਣ ਦੇ ਸੰਬੰਧ ਵਿਚ ਅਜਿਹੀਆਂ ਉਦਾਹਰਣਾਂ ਟੁੱਭੀ ਮਾਰ ਕੇ ਵੀ ਲੱਭਿਆਂ ਨਹੀਂ ਲੱਭਦੀਆਂ।

ਸ: ਗੁਰਸ਼ਰਨ ਸਿੰਘ ਨੇ ਨਾ ਸਿਰਫ ਚੰਗੀਆਂ ਤੇ ਸਸਤੀਆਂ ਕਿਤਾਬਾਂ ਪ੍ਰਕਾਸ਼ਿਤ ਹੀ ਕੀਤੀਆਂ ਸਗੋਂ ਉਹਨਾਂ ਨੂੰ ਦੂਰ ਪਿੰਡਾਂ ਦੇ ਉਹਨਾਂ ਪਾਠਕਾਂ ਤੱਕ ਪੁੱਜਦਾ ਵੀ ਕੀਤਾ ਜਿਹਨਾਂ ਨੂੰ ਅਜਿਹੀਆਂ ਕਿਤਾਬਾਂ ਦਾ ਮੂੰਹ ਵੇਖਣਾ ਕਦੇ ਨਸੀਬ ਹੀ ਨਹੀਂ ਸੀ ਹੁੰਦਾ। ਸ: ਗੁਰਸ਼ਰਨ ਸਿੰਘ ਜਿਸ ਪਿੰਡ ਵੀ ਨਾਟਕ ਕਰਨ ਜਾਂਦਾ, ਉਥੇ ਆਪਣੀ ਪ੍ਰਕਾਸ਼ਨਾ ਦੀਆਂ ਪੁਸਤਕਾਂ ਨਾਲ ਲਿਜਾ ਕੇ ਉਹਨਾਂ ਦੀ ਨੁਮਾਇਸ਼ ਜ਼ਰੂਰ ਲਾਉਂਦਾ। ਇਸ ਤਰ੍ਹਾਂ ਸ: ਗੁਰਸ਼ਰਨ ਸਿੰਘ ਨੇ ਪੰਜਾਬ ਵਿਚ ਸਿਹਤਮੰਦ ਤੇ ਉਸਾਰੂ ਸਾਹਿਤਕ ਕਿਤਾਬਾਂ ਦੇ ਲੱਖਾਂ ਪਾਠਕ ਪੰਜਾਬ ਵਿਚ ਪੈਦਾ ਕੀਤੇ। ਇਸ ਤੋਂ ਬਿਨਾਂ ਉਹਨਾਂ ਨੇ ਪਹਿਲਾਂ 'ਸਰਦਲ' ਤੇ ਫਿਰ 'ਸਮਤਾ' ਨਾਂ ਦੇ ਸਾਹਿਤਕ ਪਰਚੇ ਸੰਪਾਦਨ ਕਰ ਕੇ ਸਾਹਿਤ ਵਿਚ ਲੋਕ-ਪੱਖੀ ਸਾਹਿਤ ਦੀਆਂ ਪਿਰਤਾਂ ਨੂੰ ਹੋਰ ਮਜ਼ਬੂਤ ਕੀਤਾ। ਕੈਸਟਾਂ ਤਿਆਰ ਕਰ ਕੇ ਲੱਚਰ ਗਾਇਕੀ ਦੇ ਇਸ ਯੁੱਗ ਵਿਚ ਅਗਾਂਹਵਧੂ ਗਾਇਕੀ ਦਾ ਝੰਡਾ ਬੁਲੰਦ ਕੀਤਾ। ਪੰਜਾਬ ਵਿਚ ਅਗਾਂਹਵਧੂ ਮੇਲਿਆਂ ਦੀ ਪਿਰਤ ਪਾਉਣ ਵਿਚ ਸ: ਗੁਰਸ਼ਰਨ ਸਿੰਘ ਦਾ ਪ੍ਰਮੁੱਖ ਤੇ ਅਗਵਾਈ ਭਰਪੂਰ ਰੋਲ ਹੈ। ਗੱਲ ਕੀ, ਜੇ ਕਹਾਣੀਕਾਰ ਵਰਿਆਮ ਸਿੰਘ ਸੰਧੂ ਦੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ "**ਸਭਿਆਚਾਰਕ ਪ੍ਰਦੂਸ਼ਣ ਦੇ ਦੌਰ ਵਿਚ ਗੁਰਸ਼ਰਨ ਸਿੰਘ 'ਆਕਸੀਜ਼ਨ' ਵੰਡਣ ਵਾਲਾ 'ਸਭ ਤੋਂ ਵੱਡਾ ਬਾਬਾ ਬੋਹੜ' ਹੈ।** ਤੇ ਉਹਨਾਂ ਵਿਦਵਾਨਾਂ ਦੇ ਕਹਿਣ ਵਿਚ ਵੀ ਕੋਈ ਅਤਕਥਨੀ ਨਹੀਂ ਜਿਨ੍ਹਾਂ ਨੇ ਕਦੇ ਕਿਹਾ ਸੀ: "**ਸ. ਗੁਰਸ਼ਰਨ ਸਿੰਘ ਹਨੇਰਿਆਂ ਵਿਚ ਜਗਦਾ ਅਜਿਹਾ ਅਸਮਾਨ ਛੂੰਹਦਾ 'ਚਾਨਣ-ਮੁਨਾਰਾ' ਹੈ ਜੋ ਭੁੱਲਿਆਂ-ਭਟਕਿਆਂ ਨੂੰ ਰਾਹ ਦੱਸ ਰਿਹਾ ਹੈ। ਸ. ਗੁਰਸ਼ਰਨ ਸਿੰਘ ਪੰਜਾਬ ਦੇ ਸੱਚੇ-ਸੁੱਚੇ ਗੌਰਵ ਦਾ ਚਿੰਨ ਹੈ।**

**ਸ. ਗੁਰਸ਼ਰਨ ਸਿੰਘ ਪੰਜਾਬ ਦੀ ਜਗਦੀ-ਜਾਗਦੀ ਆਤਮਾ ਹੈ। ਸ. ਗੁਰਸ਼ਰਨ ਸਿੰਘ ਜਿਊਂਦਾ-ਜਾਗਦਾ ਇਤਿਹਾਸ ਹੈ। ਸ. ਗੁਰਸ਼ਰਨ ਸਿੰਘ ਪੰਜਾਬ ਦੀ ਸ਼ਾਨਾਂਮੱਤੀ ਵਿਰਾਸਤ ਦਾ ਭਰ-ਵਹਿੰਦਾ ਦਰਿਆ ਹੈ ਜਿਸ ਵਿਚੋਂ ਚੂਲੀਆਂ ਭਰ-ਭਰ ਕੇ ਮੈਲੀ ਆਤਮਾ ਨੂੰ ਉੱਜਲ ਤੇ ਦੁੱਧ-ਧੋਤਾ ਕੀਤਾ ਜਾ ਸਕਦਾ ਹੈ।"** ਜਿਸਮਾਨੀ ਤੌਰ 'ਤੇ ਅੱਜ ਭਾਵੇਂ ਇਹ ਦਰਿਆ ਸਾਡੇ ਵਿਚਕਾਰ ਨਹੀਂ ਪਰ ਪੰਜਾਬ ਦੀ ਰੂਹ ਵਿਚ ਸਮਾਇਆ ਹੋਇਆ ਇਹ ਦਰਿਆ ਹਮੇਸ਼ਾਂ ਸਾਡੇ ਸਾਹਮਣੇ ਵਗਦਾ ਰਹੇਗਾ ਤੇ ਅਸੀਂ ਸੱਚ-ਮੁੱਚ ਹੀ ਸਦਾ ਚੂਲ਼ੀਆਂ ਭਰ-ਭਰ ਕੇ ਆਪਣੀਆਂ ਮੈਲੀਆਂ ਰੂਹਾਂ ਨੂੰ ਉਜਲ ਤੇ ਦੁੱਧ-ਧੋਤੀਆਂ ਕਰਦੇ ਰਹਾਂਗੇ।

ਤੇ ਅਖ਼ੀਰ ਵਿਚ ਪੰਜਾਬੀ ਦੇ ਨਾਮਵਰ ਨਾਵਲਕਾਰ ਸ: ਗੁਰਦਿਆਲ ਸਿੰਘ ਜੀ ਦੇ ਇਸ ਕਥਨ ਨਾਲ ਸਹਿਮਤ ਹੁੰਦਾ ਹੋਇਆ ਮੈਂ ਆਪਣੇ ਇਸ ਲੇਖ ਦੀ ਸਮਾਪਤੀ ਕਰਦਾ ਹਾਂ, ਜਿਸ ਵਿਚ ਉਹਨਾਂ ਨੇ ਕਿਹਾ ਹੈ: **"ਸਾਨੂੰ ਸਭ ਸਾਹਿਤਕਾਰਾਂ, ਰੰਗਕਰਮੀਆਂ ਅਤੇ ਲੋਕਾਂ ਪ੍ਰਤੀ ਪ੍ਰਤਿਬੱਧ ਚਿੰਤਕਾਂ ਨੂੰ ਮਾਣ ਹੈ ਕਿ ਅਸੀਂ ਸਰਦਾਰ ਗੁਰਸ਼ਰਨ ਸਿੰਘ ਦੇ ਸਮਕਾਲੀ ਰਹੇ ਹਾਂ। ਮੈਂ ਉਹਨਾਂ ਦਾ ਸਮਕਾਲੀ ਹੋਣ ਦੇ ਨਾਤੇ, ਉਹਨਾਂ ਦੇ ਮਹਾਨ ਕਾਰਜ ਅੱਗੇ ਨਤਮਸਤਕ ਹਾਂ।"**

ਹਾਂ, ਸੱਚ-ਮੁੱਚ ਹੀ ਉਹਨਾਂ ਦੇ ਮਹਾਨ ਕਾਰਜ ਅੱਗੇ ਨਤਮਸਤਕ ਹੋਣਾ ਸਾਡਾ ਸਾਰੇ ਪੰਜਾਬੀਆਂ, ਵਿਸ਼ੇਸ਼ ਤੌਰ 'ਤੇ ਪੰਜਾਬੀ ਕਲਮਾਂ ਤੇ ਰੰਗਕਰਮੀਆਂ ਦਾ ਕਲਾ-ਧਰਮ ਬਣਦਾ ਹੈ !

ਲੋਕ ਕਲਾ ਮੰਚ
ਮਾਨਸਾ — 151505, ਪੰਜਾਬ।
ਮੋਬਾਇਲ : 98155-75495